## ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ 'ਤੇ
## ਮੌਜੂਦਾ ਅਤੇ ਯੋਜਨਾਬੱਧ ਉਪਾਅ

## ਵਪਾਰ ਅਤੇ ਉਦਯੋਗ ਵਿਭਾਗ

ਵਪਾਰ ਅਤੇ ਉਦਯੋਗ ਵਿਭਾਗ (TID) ਦਾ ਟੀਚਾ, ਸਾਡੇ ਵਪਾਰਕ ਭਾਈਵਾਲਾਂ ਨਾਲ ਹਾਂਗਕਾਂਗ ਦੇ ਵਪਾਰਕ ਸੰਬੰਧਾਂ ਨੂੰ ਉਤਸ਼ਾਹਿਤ ਕਰਨ, ਵਪਾਰ ਸਹਾਇਤਾ ਅਤੇ ਸਹੂਲਤ ਪ੍ਰਦਾਨ ਕਰਨਾ ਅਤੇ ਛੋਟੇ ਅਤੇ ਦਰਮਿਆਨੇ ਉੱਦਮਾਂ (SMEs) ਅਤੇ ਉਦਯੋਗਾਂ ਲਈ ਸਹਾਇਤਾ ਪ੍ਰਦਾਨ ਕਰਨ ਦੇ ਦੁਆਰਾ, ਹਾਂਗਕਾਂਗ ਵਿੱਚ ਵਪਾਰ ਅਤੇ ਉਦਯੋਗ ਦੇ ਵਿਕਾਸ ਨੂੰ ਸਹੂਲਤ ਅਤੇ ਸਹਾਇਤਾ ਪ੍ਰਦਾਨ ਕਰਨਾ ਹੈ।

ਅਸੀਂ ਇਹ ਸੁਨਿਸ਼ਚਿਤ ਕਰਨ ਲਈ ਵਚਨਬੱਧ ਹਾਂ ਕਿ ਹਾਂਗਕਾਂਗ ਦੇ ਲੋਕ ਜਾਤੀ ਦੇ ਭੇਦਭਾਵ ਤੋਂ ਬਿਨਾਂ, ਸਾਡੀਆਂ ਸੇਵਾਵਾਂ ਤੱਕ ਬਰਾਬਰ ਪਹੁੰਚ ਦਾ ਆਨੰਦ ਲੈਣ।

ਸੰਬੰਧਿਤ ਸੇਵਾਵਾਂ

- ਹਾਂਗਕਾਂਗ ਦੁਆਰਾ ਹੋਰ ਅਰਥ-ਵਿਵਸਥਾਵਾਂ ਨਾਲ ਬਣਾਏ ਗਏ ਮੁਫਤ ਵਪਾਰ ਸਮਝੌਤੇ ਅਤੇ ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਅਤੇ ਸੁਰੱਖਿਆ ਸਮਝੌਤਿਆਂ ਨੂੰ ਉਤਸ਼ਾਹਿਤ ਉਤਸ਼ਾਹਿਤ ਕਰਨਾ, ਅਤੇ ਪ੍ਰਮੁੱਖ ਵਪਾਰਕ ਭਾਈਵਾਲਾਂ ਦੇ ਵਪਾਰ ਨਿਯਮਾਂ ਅਤੇ ਨੀਤੀਆਂ ਵਿੱਚ ਤਬਦੀਲੀਆਂ ਸੰਬੰਧੀ ਅੱਪਡੇਟ ਕੀਤੀ ਜਾਣਕਾਰੀ ਪ੍ਰਦਾਨ ਕਰਨਾ।
- ਹਾਂਗਕਾਂਗ ਦੇ ਉਤਪਾਦਾਂ ਦੇ ਨਿਰਯਾਤ 'ਤੇ ਵਪਾਰ ਲਈ ਵੱਖ-ਵੱਖ ਲਾਇਸੈਂਸ ਅਤੇ ਮੂਲ ਰਜਿਸਟ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਨਾ।
- SMEs ਦੀ ਮੁਕਾਬਲੇਬਾਜ਼ੀ ਵਧਾਉਣ ਅਤੇ ਉਨ੍ਹਾਂ ਦੇ ਲੰਮੇ ਸਮੇਂ ਦੇ ਵਿਕਾਸ ਲਈ ਵੱਖ-ਵੱਖ ਫੰਡਿੰਗ ਯੋਜਨਾਵਾਂ ਨੂੰ ਲਾਗੂ ਕਰਨਾ।

ਮੌਜੂਦਾ ਉਪਾਅ

- ਸੇਵਾਵਾਂ ਚੀਨੀ ਅਤੇ/ਜਾਂ ਅੰਗਰੇਜ਼ੀ ਵਿੱਚ ਦਿੱਤੀਆਂ ਜਾਂਦੀਆਂ ਹਨ। ਸਰਵਜਨਕ ਲੋਕਾਂ ਨੂੰ ਵੰਡਣ ਲਈ ਉਪਲੱਬਧ ਪੱਤਰ ਅਤੇ ਪਰਚੇ, ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਛਾਪੇ ਗਏ ਹਨ।
- ਜਾਤੀ ਦੀ ਘੱਟ ਗਿਣਤੀ ਦੇ ਲੋਕਾਂ ਦੀ ਸਦਭਾਵਨਾ ਅਤੇ ਤਰੱਕੀ ਲਈ ਕੇਂਦਰ ਦੁਆਰਾ ਜਿੱਥੇ ਜ਼ਰੂਰੀ ਅਤੇ ਢੁਕਵੀਂ ਵਿਆਖਿਆ ਸੇਵਾ ਦਾ ਪ੍ਰਬੰਧ ਕੀਤਾ ਜਾਵੇਗਾ। CHEER ਅੱਠ ਭਾਸ਼ਾਵਾਂ ਵਿੱਚ ਟੈਲੀਫੋਨ ਵਿਆਖਿਆ ਸੇਵਾਵਾਂ ਮੁਹੱਈਆ ਕਰਵਾਉਂਦੀ ਹੈ, ਜਿਸ ਵਿੱਚ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਉਰਦੂ, ਤਾਗਾਲੋਗ, ਥਾਈ ਅਤੇ ਵੀਅਤਨਾਮੀ।
- ਸਟਾਫ ਨੂੰ ਨਸਲੀ ਸੰਵੇਦਨਸ਼ੀਲਤਾ ਅਤੇ ਜਾਤੀ ਬਰਾਬਰਤਾ ਦੀ ਸਮਝ ਪ੍ਰਤੀ ਆਪਣੀ ਜਾਗਰੂਕਤਾ ਵਧਾਉਣ ਲਈ ਦੂਜੇ ਸਰਕਾਰੀ ਵਿਭਾਗਾਂ ਅਤੇ ਸੰਸਥਾਵਾਂ

ਦੁਆਰਾ ਆਯੋਜਿਤ ਸੰਬੰਧਿਤ ਸਿਖਲਾਈ ਵਿੱਚ ਸ਼ਾਮਿਲ ਹੋਣ ਲਈ ਬੁਲਾਇਆ/ਨਾਮਜ਼ਦ ਕੀਤਾ ਜਾਂਦਾ ਹੈ।

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | • TID ਸਾਡੀਆਂ ਸੇਵਾਵਾਂ ਨੂੰ ਬਿਹਤਰ ਬਣਾਉਣ ਦੇ ਮੱਦੇਨਜ਼ਰ ਜਨਤਾ ਅਤੇ ਸਟਾਫ ਦੀਆਂ ਟਿਪਣੀਆਂ 'ਤੇ ਵਿਚਾਰ ਕਰੇਗਾ। |
| | • ਸੇਵਾਵਾਂ ਦੀ ਸਾਡੀ ਸਮੀਖਿਆ ਦੀ ਸਹੂਲਤ ਲਈ ਵੱਖ-ਵੱਖ ਜਾਤੀ ਦੇ ਸੇਵਾ ਉਪਭੋਗਤਾਵਾਂ ਦਾ ਡੇਟਾ ਇਕੱਠਾ ਕੀਤਾ ਜਾਵੇਗਾ। |

ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ 'ਤੇ ਮੌਜੂਦਾ ਅਤੇ ਯੋਜਨਾਬੱਧ ਉਪਾਆਂ ਦੇ ਬਾਰੇ ਵਿੱਚ ਪੁੱਛਗਿੱਛ ਲਈ, ਕ੍ਰਿਪਾ ਕਰਕੇ ਸਾਡੇ ਵਿਭਾਗੀ ਗ੍ਰਾਹਕ ਸੇਵਾ ਪ੍ਰਬੰਧਕ ਨਾਲ ਹੇਠ ਲਿਖੇ ਚੈਨਲਾਂ 'ਤੇ ਸੰਪਰਕ ਕਰੋ -

| | | |
|---|---|---|
| ਟੈਲੀਫੋਨ ਨੰ. | : | 2398 5649 |
| ਫੈਕਸ ਨੰ. | : | 2787 7422 |
| ਈ – ਮੇਲ | : | enquiry@tid.gov.hk |
| ਡਾਕ ਪਤਾ | : | Room 1720, Trade and Industry Tower,<br>3 Concorde Road, Kowloon City, Hong Kong |

**ਵਪਾਰ ਅਤੇ ਉਦਯੋਗ ਵਿਭਾਗ**
**ਮਈ 2024**